Punjab Government Gazette

Published by Authority

No. 24] CHANDIGARH, FRIDAY, JUNE 12, 2026 (JYAISTHA 22 , 1948 SAKA)

PART I

Punjab Government Notifications and Orders

ਦਫ਼ਤਰ: ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ (ਜੇਲ੍ਹਾਂ)-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ

ਅੰਮ੍ਰਿਤਸਰ।

ਹੁਕਮ

ਮਿਤੀ 15 ਅਪ੍ਰੈਲ, 2025

ਨੰਬਰ 23.-

1. ਵਾਰਡਰ ਅੰਮ੍ਰਿਤਪਾਲ ਸਿੰਘ ਪੇਟੀ ਨੰਬਰ 4542 ਕੇਂਦਰੀ ਜੇਲ੍ਹ ਅੰਮ੍ਰਿਤਸਰ ਮਿਤੀ 01.07.2023 ਤੋਂ ਹੁਣ ਤੱਕ ਲਗਾਤਾਰ ਗੈਰਹਾਜਰ ਚੱਲ ਰਿਹਾ ਹੈ। ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਵੱਲੋਂ ਪੱਤਰ ਨੰਬਰ 4615 ਮਿਤੀ 17.05.2024 ਰਾਹੀ ਇਸ ਦਫਤਰ ਨੂੰ ਸੂਚਿਤ ਕੀਤਾ ਗਿਆ ਸੀ ਕਿ ਵਾਰਡਰ ਅੰਮ੍ਰਿਤਪਾਲ ਸਿੰਘ ਪੇਟੀ ਨੰਬਰ 4542 ਵਿਭਾਗ ਨੂੰ ਬਿਨਾਂ ਸੂਚਿਤ ਕੀਤੇ ਦੇਸ਼ ਛੱਡ ਕੇ ਚਲਾ ਗਿਆ ਹੈ। ਇਸ ਕਰਮਚਾਰੀ ਨੇ ਪੰਜਾਬ ਸਰਕਾਰ ਇੰਪਲਾਈਜ ਕੰਡਕਟ ਰੂਲਜ 1966 ਦੇ ਰੂਲਾਂ ਦੀ ਘੋਰ ਉਲੰਘਣਾ ਕੀਤੀ ਹੈ। ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਵੱਲੋਂ ਵਾਰਡਰ ਅੰਮ੍ਰਿਤਪਾਲ ਸਿੰਘ ਪੇਟੀ ਨੰਬਰ 4542 ਨੂੰ ਨੌਕਰੀ ਤੋਂ ਬਰਖਾਸਤ ਕਰਨ ਦੀ ਸਿਫਾਰਸ਼ ਕੀਤੀ ਹੈ। ਉਕਤ ਦੋਸ਼ ਕਾਰਨ ਵਾਰਡਰ ਅੰਮ੍ਰਿਤਪਾਲ ਸਿੰਘ ਪੇਟੀ ਨੰਬਰ 4542 ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਰੂਲ 8 ਅਧੀਨ ਚਾਰਜਸ਼ੀਟ ਜਾਰੀ ਕੀਤੀ ਗਈ ਸੀ। ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਵੱਲੋਂ ਉਕਤ ਚਾਰਜਸ਼ੀਟ ਵਾਰਡਰ ਅੰਮ੍ਰਿਤਪਾਲ ਸਿੰਘ ਨੂੰ ਸਰਵ ਕਰਵਾਉਣ ਲਈ ਉਸਦੇ ਘਰ ਦੇ ਪਤੇ ਤੇ ਰਜਿਸਟਰ ਡਾਕ ਰਾਹੀ ਭੇਜੀ ਗਈ ਸੀ ਪ੍ਰੰਤੂ ਡਾਕ ਵਿਭਾਗ ਵੱਲੋਂ Addressee left out ਦੀ ਰਿਪੋਰਟ ਕੀਤੀ ਗਈ ਹੈ। ਉਕਤ ਚਾਰਜਸ਼ੀਟ ਵਾਰਡਰ ਅੰਮ੍ਰਿਤਪਾਲ ਸਿੰਘ ਦੇ ਘਰੇਲੂ ਪਤੇ ਤੇ ਸਰਵ ਕਰਵਾਉਣ ਲਈ ਵਾਰਡਰ ਜਸਪ੍ਰੀਤ ਸਿੰਘ ਰਾਹੀ ਦਸਤੀ ਭੇਜੀ ਗਈ ਸੀ ਪ੍ਰੰਤੂ ਪਿੰਡ ਦੇ ਸਰਪੰਚ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਵਾਰਡਰ ਅੰਮ੍ਰਿਤਪਾਲ ਸਿੰਘ ਪੇਟੀ ਨੰਬਰ 4542 ਪਿੰਡ ਵਿਚ ਮੌਜੂਦ ਨਹੀ ਹੈ ਉਹ ਬਾਹਰ ਕਿਸੇ ਹੋਰ ਦੇਸ਼ ਵਿਚ ਚਲੇ ਗਿਆ ਹੈ।

2. ਇਸ ਲਈ ਵਾਰਡਰ ਅੰਮ੍ਰਿਤਪਾਲ ਸਿੰਘ ਪੇਟੀ ਨੰਬਰ 4542 ਵਿਰੁੱਧ ਅਗੇਲਰੀ ਕਾਰਵਾਈ ਕਰਨ ਤੋਂ ਪਹਿਲਾਂ ਰੂਲਾਂ ਅਨੁਸਾਰ ਡਿਟੇਲਡ ਇੰਨਕੁਆਰੀ ਕਰਨ ਲਈ ਇਸ ਦਫਤਰ ਦੇ ਹੁਕਮ ਨੰਬਰ 118 ਮਿਤੀ 16-08-2024 ਰਾਹੀ ਸ਼੍ਰੀ ਗੁਰਜੰਟ ਸਿੰਘ, ਡਿਪਟੀ ਸੁਪਰਡੈਂਟ (ਫੈਕਟਰੀ) ਕੇਂਦਰੀ ਜੇਲ੍ਹ ਅੰਮ੍ਰਿਤਸਰ ਨੂੰ ਇੰਨਕੁਆਰੀ ਅਫਸਰ ਨਿਯੁਕਤ ਕੀਤਾ ਗਿਆ। ਇੰਨਕੁਆਰੀ ਅਫਸਰ ਵੱਲੋਂ ਆਪਣੀ ਪੜਤਾਲ ਮੁਕੰਮਲ ਕਰਕੇ ਰਿਪੋਰਟ ਇਸ ਦਫਤਰ ਨੂੰ ਭੇਜੀ ਗਈ। ਇੰਨਕੁਆਰੀ ਅਫਸਰ ਦੀ ਰਿਪੋਰਟ ਅਨੁਸਾਰ ਉਨਾਂ ਵੱਲੋਂ ਵਾਰਡਰ ਅੰਮ੍ਰਿਤਪਾਲ ਸਿੰਘ ਦੇ ਪਿੰਡ ਫੇਰੂਮਾਨ ਵਿਖੇ, ਪਿੰਡ ਦੇ ਸਰਪੰਚ ਨਾਲ ਗੱਲਬਾਤ ਕੀਤੀ ਗਈ। ਪਿੰਡ ਦੇ ਸਰਪੰਚ ਕਰਮਜੀਤ ਸਿੰਘ ਮਾਨ ਮੋਬਾਇਲ ਨੰਬਰ 9815118523 ਨੇ ਗੱਲਬਾਤ ਰਾਹੀ ਦੱਸਿਆ ਕਿ "ਵਾਰਡਰ ਅੰਮ੍ਰਿਤਪਾਲ ਸਿੰਘ ਦੀ ਮਾਤਾ ਉਸ ਦੀ ਭੈਣ ਕੋਲ ਪਹਿਲਾ ਹੀ ਕੈਨੇਡਾ ਚਲੀ ਗਈ ਸੀ ਅਤੇ ਹੁਣ ਪਿਛਲੇ ਕੁਝ ਸਮੇਂ ਤੋਂ ਉਸ ਦੀ ਪਤਨੀ ਵੀ ਕੈਨੇਡਾ

ਚਲੇ ਗਈ ਹੈ ਅਤੇ ਅੰਮ੍ਰਿਤਪਾਲ ਸਿੰਘ ਵੀ ਕਾਫ਼ੀ ਸਮੇਂ ਤੋਂ ਆਪਣੇ ਘਰ ਜਾਂ ਆਪਣੇ ਪਿੰਡ ਵਿੱਚ ਨਹੀ ਦੇਖਿਆ। ਸਰਪੰਚ ਨੇ ਇਹ ਵੀ ਕਿਹਾ ਕਿ ਪਹਿਲਾ ਵੀ ਕਾਫੀ ਪੁਲਿਸ ਕਰਮਚਾਰੀ ਅਤੇ ਜੇਲ੍ਹ ਕਰਮਚਾਰੀ ਅੰਮ੍ਰਿਤਪਾਲ ਸਿੰਘ ਦੇ ਪਿੰਡ ਵਿੱਚ ਰਹਿਣ/ਗਤੀਵਿਧੀਆਂ ਸਬੰਧੀ ਆਂਢ-ਗੁਆਂਢ ਤੋਂ ਪੁੱਛ-ਗਿੱਛ ਕਰ ਚੁੱਕੇ ਹਨ।

3. ਇੰਨਕੁਆਰੀ ਅਫਸਰ ਵੱਲੋਂ ਵਾਰਡਰ ਅੰਮ੍ਰਿਤਪਾਲ ਸਿੰਘ ਦੇ ਨਾਲ ਨੌਕਰੀ ਕਰ ਚੁੱਕੇ ਅਤੇ ਉਸ ਦੇ ਨਾਲ ਚੰਗੇ ਬੋਲ-ਚਾਲ ਵਾਲੇ ਕਰਮਚਾਰੀਆਂ ਤੋਂ ਵੀ ਪੁੱਛ-ਗਿੱਛ ਕੀਤੀ ਗਈ, ਜਿਨਾਂ ਵੱਲੋਂ ਇਹ ਦੱਸਿਆ ਗਿਆ ਕਿ ਵਾਰਡਰ ਅੰਮ੍ਰਿਤਪਾਲ ਸਿੰਘ ਆਪਣੇ ਪਰਿਵਾਰ ਸਮੇਤ ਕੈਨੇਡਾ ਦੀ Toronto State (Canada) ਵਿੱਚ ਰਹਿ ਰਿਹਾ ਹੈ। ਇੰਨਕੁਆਰੀ ਅਫਸਰ ਦੀ ਰਿਪੋਰਟ ਅਨੁਸਾਰ ਵਾਰਡਰ ਅੰਮ੍ਰਿਤਪਾਲ ਸਿੰਘ ਪੇਟੀ ਨੰਬਰ 4542 ਆਪਣੇ ਪਰਿਵਾਰ ਸਮੇਤ ਆਪਣਾ ਰਿਹਾਇਸ਼ੀ ਸਥਾਨ ਛੱਡ ਕੇ ਵਿਦੇਸ਼ ਚਲਾ ਗਿਆ ਹੈ।

4. ਇਸ ਲਈ ਇੰਨਕੁਆਰੀ ਅਫਸਰ ਵੱਲੋਂ ਵਾਰਡਰ ਅੰਮ੍ਰਿਤਪਾਲ ਸਿੰਘ ਪੇਟੀ ਨੰਬਰ 4542 ਨੂੰ ਮਿਤੀ 01.07.2023 ਤੋਂ ਲਗਾਤਾਰ ਗੈਰਹਾਜਰ ਰਹਿਣ ਦੇ ਦੋਸ਼ ਵਿਚ ਜਾਰੀ ਕੀਤੀ ਗਈ ਚਾਰਜਸ਼ੀਟ ਵਿਚ ਲਗਾਏ ਦੋਸ਼ ਸਾਬਤ ਕੀਤੇ ਹਨ। ਇਸ ਤਰ੍ਹਾਂ ਵਾਰਡਰ ਅੰਮ੍ਰਿਤਪਾਲ ਸਿੰਘ ਪੇਟੀ ਨੰਬਰ 4542 ਵੱਲੋਂ ਵਿਭਾਗ ਨੂੰ ਸੂਚਿਤ ਕੀਤੇ ਬਿਨ੍ਹਾਂ ਵਿਦੇਸ਼ ਚਲੇ ਜਾਣ ਅਤੇ ਡਿਊਟੀ ਤੋਂ ਗੈਰਹਾਜ਼ਰ ਹੋਣ ਕਾਰਨ ਪੰਜਾਬ ਗੌਰਮਿੰਟ ਇੰਪਲਾਇਜ ਕੰਡਕਟ ਰੂਲਜ 1966 ਦੇ ਰੂਲਾਂ ਦੇ ਨਾਲ-ਨਾਲ ਜੇਲ੍ਹ ਨਿਯਮਾਂ ਦੀ ਵੀ ਘੋਰ ਉਲੰਘਣਾ ਕੀਤੀ ਹੈ। ਵਾਰਡਰ ਅੰਮ੍ਰਿਤਪਾਲ ਸਿੰਘ ਪੇਟੀ ਨੰਬਰ 4542 ਵੱਲੋਂ ਅਜਿਹਾ ਕਰਨ ਨਾਲ ਦੂਸਰੇ ਕਰਮਚਾਰੀਆਂ ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ।

5. ਇਸ ਲਈ ਮੈਂ ਸੁਖਮਿੰਦਰ ਸਿੰਘ ਮਾਨ (ਆਈ.ਪੀ.ਐਸ), ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ (ਜੇਲ੍ਹਾਂ)-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ ਅੰਮ੍ਰਿਤਸਰ ਪੰਜਾਬ ਜੇਲ੍ਹ ਡਿਪਾਰਟਮੈਂਟ ਸਰਵਿਸਜ ਰੂਲਜ 1963 ਦੇ ਅਪੈਡਿਕਸ ਬੀ-4 ਤਹਿਤ ਸਜਾ ਦੇਣ ਦਾ ਸਮਰੱਥ ਅਧਿਕਾਰੀ ਹੁੰਦੇ ਹੋਏ ਵਾਰਡਰ ਅੰਮ੍ਰਿਤਪਾਲ ਸਿੰਘ ਪੇਟੀ ਨੰਬਰ 4542 ਵੱਲੋਂ ਬਿਨਾਂ ਕਿਸੇ ਉੱਚ ਅਧਿਕਾਰੀ ਤੋਂ ਆਗਿਆ ਲਏ ਗੈਰਹਾਜਰ ਹੋਣ ਅਤੇ ਵਿਭਾਗ ਨੂੰ ਸੂਚਿਤ ਕੀਤੇ ਬਿਨਾਂ ਵਿਦੇਸ਼ ਚਲੇ ਜਾਣ ਕਾਰਨ ਪੰਜਾਬ ਗੌਰਮਿੰਟ ਇੰਪਲਾਇਜ ਕੰਡਕਟ ਰੂਲਜ 1966 ਦੇ ਰੂਲਾਂ ਦੇ ਨਾਲ-ਨਾਲ ਜੇਲ੍ਹ ਨਿਯਮਾਂ ਦੀ ਵੀ ਘੋਰ ਉਲੰਘਣਾ ਕਰਨ ਕਾਰਨ ਇੰਨਕੁਆਰੀ ਅਫਸਰ ਦੀ ਰਿਪੋਰਟ ਨਾਲ ਸਹਿਮਤ ਹੁੰਦੇ ਹੋਏ ਪੰਜਾਬ ਸਿਵਲ ਸਰਵਿਸਜ (ਸਜਾ ਅਤੇ ਅਪੀਲ) ਰੂਲਜ 1970 ਦੇ ਰੂਲ 8 ਵਿਚ 5 ਤੋਂ 9 ਤੱਕ ਦਿੱਤੀਆਂ ਸਜਾਵਾਂ ਵਿਚੋਂ ਰੂਲ 8 ਦੇ (9) ਅਧੀਨ ਵਾਰਡਰ ਅੰਮ੍ਰਿਤਪਾਲ ਸਿੰਘ ਪੇਟੀ ਨੰਬਰ 4542,ਕੇਂਦਰੀ ਜੇਲ੍ਹ ਅੰਮ੍ਰਿਤਸਰ ਨੂੰ ਨੌਕਰੀ ਤੋਂ ਤੁਰੰਤ ਬਰਖਾਸਤ ਕਰਨ ਦੇ ਹੁਕਮ ਪਾਸ ਕਰਦਾ ਹਾਂ। ਇਹ ਸੇਵਾ ਤੋਂ ਬਰਖਾਸਤਗੀ ਅਜਿਹੀ ਹੋਵੇਗੀ ਕਿ ਵਾਰਡਰ ਅੰਮ੍ਰਿਤਪਾਲ ਸਿੰਘ ਅੱਗੇ ਤੋਂ ਕਿਸੇ ਸਰਕਾਰੀ ਵਿਭਾਗ ਵਿਚ ਨੌਕਰੀ ਕਰਨ ਦੇ ਯੋਗ ਨਹੀ ਹੋਵੇਗਾ।

ਬਰਖਾਸਤ ਕੀਤੇ ਕਰਮਚਾਰੀ ਦੇ ਪਾਰਟੀਕੂਲਰਜ ਹੇਠ ਲਿਖੇ ਅਨੁਸਾਰ ਹਨ:-

ਕਰਮਚਾਰੀ ਦਾ ਨਾਮ	:	ਅੰਮ੍ਰਿਤਪਾਲ ਸਿੰਘ, ਵਾਰਡਰ ਪੇਟੀ ਨੰਬਰ 4542
ਪਿਤਾ ਦਾ ਨਾਮ	:	ਲੇਟ ਸ਼੍ਰੀ ਸਵਿੰਦਰ ਸਿੰਘ
ਘਰੇਲੂ ਪਤਾ	:	ਪਿੰਡ ਫੇਰੂਮਾਨ, ਡਾਕ :ਬਾਬਾ ਬਕਾਲਾ, ਜਿਲ੍ਹਾ ਅੰਮ੍ਰਿਤਸਰ।
ਜਨਮ ਮਿਤੀ	:	02-10-1998
ਭਰਤੀ ਦੀ ਮਿਤੀ	:	06-12-2016
ਰਿਟਾਇਰਮੈਂਟ ਦੀ ਮਿਤੀ	:	31-10-2056
ਕੈਟਾਗਿਰੀ	:	ਜਨਰਲ

ਸਹੀ/-

ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ (ਜੇਲ੍ਹਾਂ),

-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ, ਅੰਮ੍ਰਿਤਸਰ।

3742/6-2026/Pb. Govt. Press, S.A.S. Nagar